# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

# 18:20

**ਮਿਤੀ : 14-10-2025**

**ਪਹਿਲਾ ਬੁਲੇਟਿਨ ਦੀਆਂ ਖਾਸ ਖਬਰਾਂ**

- ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਏ ਕਿ ਰਾਸ਼ਟਰੀ ਸੁਰੱਖਿਆ ਗਾਰਦ NSG, ਦੇਸ਼ ਵਿੱਚ ਜੱਥੇਬੰਧਤ ਅਪਰਾਧ ਅਤੇ ਦਹਿਸ਼ਤਗਰਦੀ ਦਾ ਮੁਕਾਬਲਾ ਕਰਨ ਵਿੱਚ ਸਭ ਤੋਂ ਅੱਗੇ ਰਿਹਾ ਏ । ਓਹਨਾਂ ਅੱਜ NSG ਦੇ 41ਵੇਂ ਸਥਾਪਨਾ ਦਿਵਸ ਸਮਾਰੋਹ ਨੂੰ ਸੰਬੋਧਨ ਕੀਤਾ.

- ਕੇਂਦਰੀ ਖੇਤੀਬਾੜੀ ਅਤੇ ਦਿਹਾਤੀ ਵਿਕਾਸ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਕਿਹਾ ਏ ਕਿ ਪੰਜਾਬ 'ਚ ਹੜ੍ਹਾਂ ਦੌਰਾਨ ਨੁਕਸਾਨੇ ਗਏ 36 ਹਜ਼ਾਰ 703 ਘਰਾਂ ਦੀ ਮੁੜ੍ਹ ਉਸਾਰੀ ਲਈ ਕੇਂਦਰ ਵਲੋਂ ਹਰੇਕ ਪਰਿਵਾਰ ਨੂੰ 1 ਲਖ 60 ਹਜ਼ਾਰ ਰੁਪਏ ਦਿੱਤੇ ਜਾਣਗੇ । ਪ੍ਰਭਾਵਿਤ ਕਿਸਾਨਾਂ ਨੂੰ ਮੁਫ਼ਤ ਅਨਾਜ ਬੀਜ ਦੇਣ ਲਈ 74 ਕਰੋੜ ਰੁਪਏ ਦੀ ਰਕਮ ਨੂੰ ਵੀ ਮਨਜ਼ੂਰੀ ਦਿੱਤੀ ਗਈ ਏ ।

- ਖੁਰਾਕ ਤੇ ਸਿਵਲ ਸਪਲਾਈ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਕਿਹਾ ਏ ਕਿ ਕੇਂਦਰੀ ਟੀਮਾਂ ਜਲਦ ਹੀ ਪੰਜਾਬ ਦੀਆਂ ਮੰਡੀਆਂ ਦਾ ਦੌਰਾ ਕਰਕੇ ਭਾਰੀ ਮੀਂਹ ਦੇ ਝੋਨੇ 'ਤੇ ਪਏ ਪ੍ਰਭਾਵ ਦਾ ਮੁਲੰਕਣ ਕਰਨਗੀਆਂ

- ਸਰਹੱਦੀ ਸੁਰਖਿਆ ਬਲ BSF ਨੇ ਕਿਹਾ ਏ ਕਿ ਪਾਕਿਸਤਾਨੀ ਤਸ੍ਕਰ ਜਾਂਚ ਤੋਂ ਬਚਣ ਲਈ ਅਜਿਹੇ ਨਵੇਂ ਲੋਕਾਂ ਦੀ ਵਰਤੋਂ ਕਰ ਰਹੇ ਨੇ, ਜਿਹਨਾਂ ਦਾ ਤਸਕਰੀ ਸੰਬੰਧੀ ਪਹਿਲਾਂ ਦਾ ਕੋਈ ਰਿਕਾਰਡ ਨਹੀਂ ਏ.

- ਪੰਜਾਬ ਰਾਜ ਘੱਟ ਗਿਣਤੀ ਕਮਿਸ਼ਨ ਨੇ ਅੱਜ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਘੱਟ ਗਿਣਤੀ ਭਾਈਚਾਰਿਆਂ ਦੀਆਂ ਸਮੱਸਿਆਵਾਂ ਦੇ ਸਬੰਧ ਵਿੱਚ ਮੀਟਿੰਗ ਕੀਤੀ।

## ਹੁਣ ਖਬਰਾਂ ਵਿਸਥਾਰ ਨਾਲ

ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਏ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ, ਸਰਕਾਰ ਨੇ ਦਹਿਸ਼ਤਗਰਦੀ ਪ੍ਰਤੀ ਬਿਲਕੁਲ ਵੀ ਬਰਦਾਸ਼ਤ ਨਾ ਕਰਨ ਦੀ ਨੀਤੀ ਅਪਣਾਈ ਏ । ਉਨ੍ਹਾਂ ਕਿਹਾ ਕਿ ਦੇਸ਼ ਨੂੰ ਦਹਿਸ਼ਤਗਰਦ ਖਤਰਿਆਂ ਤੋਂ ਬਚਾਉਣ ਲਈ ਕਈ ਕਦਮ ਚੁੱਕੇ ਗਏ ਨੇ. ਹਰਿਆਣਾ ਦੇ ਮਾਨੇਸਰ ਵਿੱਚ ਰਾਸ਼ਟਰੀ ਸੁਰੱਖਿਆ ਗਾਰਦ

(NSG) ਦੇ 41ਵੇਂ ਸਥਾਪਨਾ ਦਿਵਸ ਸਮਾਰੋਹ ਨੂੰ ਸੰਬੋਧਨ ਕਰਦਿਆਂ, ਸ਼੍ਰੀ ਸ਼ਾਹ ਨੇ ਕਿਹਾ ਕਿ NSG ਦੇਸ਼ ਵਿੱਚ ਜਥੇਬੰਧਤ ਅਪਰਾਧ ਅਤੇ ਦਹਿਸ਼ਤਗਰਦੀ ਦਾ ਮੁਕਾਬਲਾ ਕਰਨ ਵਿੱਚ ਸਭ ਤੋਂ ਅੱਗੇ ਰਿਹਾ ਏ । ਉਨ੍ਹਾਂ ਇਹ ਵੀ ਕਿਹਾ ਕਿ ਰਾਸ਼ਟਰੀ ਸੁਰੱਖਿਆ ਗਾਰਦ, ਉੱਤਰ ਪ੍ਰਦੇਸ਼ ਦੇ ਅਯੁੱਧਿਆ ਵਿੱਚ ਇੱਕ ਕੇਂਦਰ ਕਾਇਮ ਕਰੇਗਾ। ਉਨ੍ਹਾਂ ਕਿਹਾ ਕਿ ਮੁੰਬਈ, ਚੇਨਈ, ਕੋਲਕਾਤਾ, ਹੈਦਰਾਬਾਦ, ਅਹਿਮਦਾਬਾਦ ਅਤੇ ਜੰਮੂ ਟਾਸਕ ਫੋਰਸ ਵਿੱਚ ਛੇ NSG ਕੇਂਦਰ ਪਹਿਲਾਂ ਹੀ ਕਾਇਮ ਕੀਤੇ ਜਾ ਚੁੱਕੇ ਨੇ-

byte

ਇਸ ਸਮਾਗਮ ਦੌਰਾਨ, ਸ਼੍ਰੀ ਸ਼ਾਹ ਨੇ ਸਪੈਸ਼ਲ ਆਪ੍ਰੇਸ਼ਨ ਟ੍ਰੇਨਿੰਗ ਸੈਂਟਰ ਦਾ ਨੀਂਹ ਪੱਥਰ ਰੱਖਿਆ, ਜੋ ਦਹਿਸ਼ਤਗਰਦੀ ਦਾ ਮੁਕਾਬਲਾ ਕਰਨ ਲਈ ਅਤਿ – ਆਧੁਨਿਕ ਸਿਖਲਾਈ ਪ੍ਰਦਾਨ ਕਰੇਗਾ.

---------------------------------------------------

ਕੇਂਦਰੀ ਖੇਤੀਬਾੜੀ ਅਤੇ ਦਿਹਾਤੀ ਵਿਕਾਸ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਕਿਹਾ ਏ ਕਿ ਕੇਂਦਰ ਨੇ ਹਾਲ ਹੀ ਵਿੱਚ ਹੜ੍ਹਾਂ ਦੌਰਾਨ ਨੁਕਸਾਨੇ ਗਏ 36 ਹਜ਼ਾਰ 703 ਘਰਾਂ ਦੀ ਮੁੜ੍ਹ ਉਸਾਰੀ ਲਈ ਪੰਜਾਬ ਦੀ ਤਜਵੀਜ਼ ਨੂੰ ਸਵੀਕਾਰ ਕਰ ਲਿਆ ਏ ਅਤੇ ਇਸ ਉਦੇਸ਼ ਲਈ ਹਰੇਕ ਪਰਿਵਾਰ ਨੂੰ 1 ਲਖ 60 ਹਜ਼ਾਰ ਰੁਪਏ ਦਿੱਤੇ ਜਾਣਗੇ। ਅੱਜ ਲੁਧਿਆਣਾ

ਵਿੱਚ ਮੀਡੀਆ ਨਾਲ ਗੱਲਬਾਤ ਕਰਦਿਆਂ, ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਪਹਿਲਾਂ 14 ਹਜ਼ਾਰ ਘਰਾਂ ਦੀ ਤਜਵੀਜ਼ ਦਿੱਤੀ ਸੀ ਪਰ ਬਾਅਦ ਵਿੱਚ ਇਸਨੂੰ ਵਧਾ ਕੇ ਕੱਲ੍ਹ ਰਾਤ 36 ਹਜ਼ਾਰ 703 ਕਰ ਦਿੱਤਾ, ਜਿਸ ਨੂੰ ਉਨ੍ਹਾਂ ਦੇ ਪੰਜਾਬ ਪਹੁੰਚਣ ਤੋਂ ਪਹਿਲਾਂ ਪ੍ਰਧਾਨ ਮੰਤਰੀ ਆਵਾਸ ਯੋਜਨਾ-ਗ੍ਰਾਮੀਣ ਤਹਿਤ ਓਹਨਾਂ ਦੇ ਮੰਤਰਾਲੇ ਨੇ ਸਵੀਕਾਰ ਕਰ ਲਿਆ ਸੀ। ਉਨ੍ਹਾਂ ਕਿਹਾ ਕਿ ਸਹਿਮਤੀ ਪੱਤਰ ਪੰਜਾਬ ਦੇ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੂੰ ਸੌਂਪ ਦਿੱਤਾ ਗਿਆ ਏ

byte

ਉਨ੍ਹਾਂ ਕਿਹਾ ਕਿ ਸੂਬੇ ਵਿੱਚ ਪ੍ਰਭਾਵਿਤ ਕਿਸਾਨਾਂ ਨੂੰ ਮੁਫ਼ਤ ਅਨਾਜ ਬੀਜ ਦੇਣ ਲਈ 74 ਕਰੋੜ ਰੁਪਏ ਦੀ ਰਕਮ ਨੂੰ ਵੀ ਮਨਜ਼ੂਰੀ ਦੇ ਦਿੱਤੀ ਗਈ ਏ। ਐਮ.ਜੀ-ਨਰੇਗਾ ਪ੍ਰੋਗਰਾਮ ਤਹਿਤ ਕੰਮਕਾਜੀ ਦਿਨਾਂ ਨੂੰ ਵੀ 100 ਤੋਂ ਵਧਾ ਕੇ 150 ਦਿਨ ਕੀਤਾ ਜਾਵੇਗਾ। ਸ਼੍ਰੀ. ਚੌਹਾਨ ਲੁਧਿਆਣਾ ਦੇ ਇੱਕ ਦਿਨ ਦੇ ਦੌਰੇ 'ਤੇ ਸਨ ਜਿੱਥੇ ਓਹਨਾਂ ਨੇ ਦਿਹਾਤੀ ਵਿਕਾਸ ਯੋਜਨਾਵਾਂ ਦੇ ਲਾਭਪਾਤਰੀਆਂ ਅਤੇ ਸਵੈ-ਸਹਾਇਤਾ ਸਮੂਹ ਦੀਆਂ ਦੀਦਿਆਂ ਨਾਲ ਗੱਲਬਾਤ ਕਰਨ ਦੇ ਨਾਲ-ਨਾਲ ICAR-IIMR ਦੇ ਨਵੇਂ ਬਣੇ ਪ੍ਰਸ਼ਾਸਕੀ ਬਲਾਕ ਦਾ ਉਦਘਾਟਨ ਵੀ ਕੀਤਾ. ਇਸ ਮੌਕੇ ਖੇਤੀਬਾੜੀ ਰਾਜ ਮੰਤਰੀ ਭਾਗੀਰਥ ਚੌਧਰੀ, ਰੇਲਵੇ ਅਤੇ ਫੂਡ ਪ੍ਰੋਸੈਸਿੰਗ ਸਨਅਤਾਂ ਬਾਰੇ ਰਾਜ ਮੰਤਰੀ ਰਵਨੀਤ ਸਿੰਘ bittu ਅਤੇ ਸ਼੍ਰੀ ਖੁੱਡੀਆਂ ਵੀ ਮੌਜੂਦ ਸਨ। ਇਹ

ਭਰੋਸਾ ਦਿਵਾਉਂਦੇ ਹੋਏ ਕਿ ਕੇਂਦਰ, ਰਾਜ ਦੇ ਹੜ੍ਹ ਪ੍ਰਭਾਵਿਤ ਲੋਕਾਂ ਦੇ ਨਾਲ ਖੜ੍ਹਾ ਏ,  ਸ਼੍ਰੀ ਚੌਹਾਨ ਨੇ ਕਿਹਾ ਕਿ ਹੜ੍ਹਾਂ ਨਾਲ ਹੋਏ ਨੁਕਸਾਨ ਸਬੰਧੀ ਸੂਬਾ ਸਰਕਾਰ ਜੋ ਵੀ ਤਜਵੀਜ਼ ਭੇਜੇਗੀ, ਉਸਦਾ ਧਿਆਨ ਰੱਖਿਆ ਜਾਵੇਗਾ। ਮੰਤਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਵੱਲੋਂ ਹੜ੍ਹ ਪ੍ਰਭਾਵਿਤ ਪੰਜਾਬ ਦੇ ਆਪਣੇ ਹਾਲੀਆ ਦੌਰੇ ਦੌਰਾਨ ਐਲਾਨੇ ਗਏ 1600 ਕਰੋੜ ਰੁਪਏ ਦੇ ਰਾਹਤ ਪੈਕੇਜ ਵਿੱਚੋਂ, ਰਾਸ਼ਟਰੀ ਆਫ਼ਤ ਰਾਹਤ ਫੰਡ (NDRF) ਦੀ 240 ਕਰੋੜ ਰੁਪਏ ਦੀ ਅਗਾਊਂ ਕਿਸ਼ਤ ਪਹਿਲਾਂ ਹੀ ਜਾਰੀ ਕਰ ਦਿੱਤੀ ਗਈ ਏ । ਮੰਤਰੀ ਨੇ ਇਹ ਵੀ ਕਿਹਾ ਕਿ ਪੰਜਾਬ, ਰਾਸ਼ਟਰੀ ਅਨਾਜ ਭੰਡਾਰਾਂ ਨੂੰ ਭਰੀ ਰੱਖਣ ਵਿੱਚ ਵੱਡੀ ਭੂਮਿਕਾ ਨਿਭਾ ਰਿਹਾ ਏ । ਉਨ੍ਹਾਂ ਕਿਹਾ ਕਿ ਹੁਣ ਫਸਲੀ ਭਿੰਨਤਾ ਦਾ ਸਮਾਂ ਏ ਅਤੇ ਮੱਕੀ ਦੀ ਖੇਤੀ ਇੱਕ ਚੰਗਾ ਵਿਕਲਪ ਏ-

Byte

---------------------------------------------------

ਸੂਬੇ ਦੇ ਖੁਰਾਕ ਤੇ ਸਿਵਲ ਸਪਲਾਈ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਕਿਹਾ ਏ ਕਿ ਕੇਂਦਰੀ ਟੀਮਾਂ ਜਲਦ ਹੀ ਪੰਜਾਬ ਦੀਆਂ ਮੰਡੀਆਂ ਦਾ ਦੌਰਾ ਕਰਕੇ ਭਾਰੀ ਮੀਂਹ ਕਾਰਣ ਝੋਨੇ ‘ਤੇ ਪਏ ਪ੍ਰਭਾਵ ਦਾ ਮੁਲੰਕਣ ਕਰਨਗੀਆਂ । ਖਰੜ ਅਨਾਜ ਮੰਡੀ ਦੇ ਆਪਣੇ ਦੌਰੇ ਦੌਰਾਨ ਮੰਤਰੀ ਨੇ ਚੱਲ ਰਹੇ ਖਰੀਦ ਕਾਰਜਾਂ ‘ਤੇ ਸੰਤੁਸਟੀ ਪ੍ਰਗਟ ਕੀਤੀ ਤੇ ਚੁਣੌਤੀਪੂਰਨ

ਮੌਸਮ ਦੇ ਬਾਵਜੂਦ ਸੁਚਾਰੂ ਖਰੀਦ ਨੂੰ ਯਕੀਨੀ ਬਣਾਉਣ ਵਾਲੇ ਕਿਸਾਨਾਂ, ਏਜੰਸੀਆਂ ਤੇ ਅਧਿਕਾਰੀਆਂ ਦੇ ਯਤਨਾਂ ਦੀ ਸਲਾਘਾ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਹੁਣ ਤੱਕ 18 ਲੱਖ ਮੀਟ੍ਰਿਕ ਟਨ ਝੋਨੇ ਦੀ ਆਮਦ ਦਰਜ ਕੀਤੀ ਗਈ ਏ, ਜਿਸ ਵਿੱਚੋਂ 17 ਲੱਖ ਮੀਟ੍ਰਿਕ ਟਨ ਪਹਿਲਾਂ ਹੀ ਖਰੀਦ ਕੀਤੀ ਜਾ ਚੁੱਕੀ ਏ।

---

**BREAK**

**ਇਹ ਖਬਰਾਂ ਤੁਸੀਂ ਅਕਾਸ਼ਵਾਣੀ ਤੋਂ ਸੁਣ ਰਹੇ ਓ ।**

**>ਸਾਡਾ X ਹੈਂਡਲ ਏ**

**AT THE RATE AIR RNU JALANDHAR**

**>ਸਾਡਾ FACEBOOK PAGE ਏ -**

**RNU HYPHEN AIR JALANDHAR**

**ਅਤੇ**

**>YOUTUBE ਤੇ ਸਾਡਾ CHANNEL ਏ -**

**AT THE RATE AIR JALANDHAR**

---

ਪਾਕਿਸਤਾਨ ਸਥਿਤ ਤਸਕਰ, ਪੰਜਾਬ ਸਰਹੱਦ ਰਾਹੀਂ, ਭਾਰਤ ਵਿੱਚ ਨਸ਼ੀਲੇ ਪਦਾਰਥਾਂ ਦੀ ਤਸਕਰੀ ਕਰਨ ਲਈ, ਆਪਣਾ ਨੈੱਟਵਰਕ ਫੈਲਾਉਣ ਲਈ ਨਵੇਂ ਤਰੀਕੇ ਲੱਭ ਰਹੇ ਨੇ। BSF, ਪੰਜਾਬ ਫਰੰਟੀਅਰ ਦੇ ਉੱਚ ਪੱਧਰੀ ਸੂਤਰਾਂ ਦੇ ਹਵਾਲੇ ਨਾਲ, ਸਾਡੇ ਪੱਤਰਕਾਰ ਨੇ ਖ਼ਬਰ ਦਿੱਤੀ ਏ ਕਿ, ਪਾਕਿਸਤਾਨੀ ਤਸਕਰ ਜਾਂਚ ਤੋਂ ਬਚਣ ਲਈ, ਨਵੇਂ ਚਿਹਰਿਆਂ ਨੂੰ ਤਰਜੀਹ ਦੇ ਰਹੇ ਨੇ, ਜਿਨ੍ਹਾਂ ਦਾ ਪਹਿਲਾਂ ਕੋਈ ਤਸਕਰੀ ਰਿਕਾਰਡ ਨਾ ਹੋਏ। ਉਹ ਭਾਰਤ 'ਚ ਆਪਣੇ ਸੰਪਰਕਾਂ ਨੂੰ ਵੀ ਨਾਬਾਲਗਾਂ ਨੂੰ, ਕੋਰੀਅਰ ਵਜੋਂ ਭਰਤੀ ਕਰਨ ਲਈ ਕਹਿ ਰਹੇ ਨੇ ਤਾਂ ਜੋ ਜੇਕਰ ਉਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ ਜਾਵੇ, ਤਾਂ ਉਹ ਨਾਬਾਲਗ ਹੋਣ ਕਰਕੇ, ਜੇਲ੍ਹਾਂ 'ਚ ਜਾਣ ਤੋਂ ਬਚ ਸਕਣ।

ਹੋਰ ਵੇਰਵੇ ਨਾਲ ਪੇਸ਼ ਏ ਇੱਕ ਰਿਪੋਰਟ

ਇਸ ਦੌਰਾਨ, ਸੀਮਾ ਸੁਰੱਖਿਆ ਬਲ ਨੇ ਇਸ ਸਾਲ ਅੱਜ ਤੱਕ 203 ਤੋਂ ਵੱਧ ਭਾਰਤੀ ਨਸ਼ਾ ਤਸਕਰਾਂ ਅਤੇ 16 ਪਾਕਿਸਤਾਨੀ ਨਾਗਰਿਕਾਂ ਨੂੰ ਮੁੱਖ ਤੌਰ 'ਤੇ ਪੰਜਾਬ ਦੇ ਅੰਮ੍ਰਿਤਸਰ, ਤਰਨ ਤਾਰਾਨਾ ਅਤੇ ਫਿਰੋਜ਼ਪੁਰ ਦੇ ਉੱਚ-ਜੋਖਮ ਵਾਲੇ ਸਰਹੱਦੀ ਜ਼ਿਲ੍ਹਿਆਂ ਤੋਂ ਫੜਿਆ ਹੈ। ਬੀਐਸਐਫ ਵਲੋਂ 3 ਪਾਕਿਸਤਾਨੀ ਘੁਸਪੈਠੀਏ ਢੇਰ ਵੀ ਕੀਤੇ ਗਏ ਨੇ । ਇਹ ਸਰਹੱਦੀ ਬੱਲ ਜ਼ਮੀਨੀ ਅਤੇ ਹਵਾਈ ਨਿਗਰਾਨੀ ਵਧਾ ਕੇ, ਪਾਕਿਸਤਾਨੀ ਤਸਕਰਾਂ ਵਲੋਂ ਨਿਗਰਾਨੀ ਤੋਂ ਬਚਣ ਲਈ ਇਸਤੇਮਾਲ ਲੀਤੇ ਜਾਨ ਵਾਲੇ ਡਰੋਨ ਅਤੇ ਜੀਪੀਐਸ-ਅਧਾਰਤ ਡਿਲੀਵਰੀ ਤਰੀਕਿਆਂ ਦੀ ਵੱਧ ਰਹੀ ਵਰਤੋਂ ਦਾ ਵੀ ਮੁਕਾਬਲਾ ਕਰ ਰਹੀ ਹੈ। ਇਸਨੇ ਐਂਟੀ-ਡਰੋਨ

ਸਿਸਟਮ, ਮੋਸ਼ਨ ਸੈਂਸਰ ਅਤੇ ਨਾਈਟ ਵਿਜ਼ਨ ਡਿਵਾਈਸਾਂ ਤਾਇਨਾਤ ਕੀਤੀਆਂ ਹਨ ਅਤੇ ਹੁਣ ਤੱਕ 200 ਪਾਕਿਸਤਾਨੀ ਡਰੋਨਾਂ ਦੇ ਨਾਲ-ਨਾਲ 287 ਕਿਲੋਗ੍ਰਾਮ ਹੈਰੋਇਨ, 13 ਕਿਲੋਗ੍ਰਾਮ ਆਈਸ ਡਰੱਗ, ਏਕੇ-ਸੰਤਾਲੀ ਸਮੇਤ 174 ਹਥਿਆਰ, 12 ਹੈਂਡ ਗ੍ਰਨੇਡ ਅਤੇ 10 ਕਿਲੋਗ੍ਰਾਮ ਤੋਂ ਵੱਧ ਉੱਚ ਵਿਸਫੋਟਕ ਜ਼ਬਤ ਕੀਤੇ ਹਨ ਜੋ ਇਹਨਾਂ ਡਰੋਨਾਂ ਰਾਹੀਂ ਭਾਰਤੀ ਖੇਤਰ ਅੰਦਰ ਪਹੁੰਚਾਏ ਗਏ ਸਨ। ਬੀਐਸਐਫ ਦੇ ਬੁਲਾਰੇ, ਡਿਪਟੀ ਇੰਸਪੈਕਟਰ ਜਨਰਲ, ਏਕੇ ਵਿਦਿਆਰਥੀ ਨੇ ਦੱਸਿਆ ਏ ਕਿ ਕੁਝ ਪਿੰਡ ਵਾਸੀਆਂ ਦੀ ਮਦਦ ਅਤੇ ਪੰਜਾਬ ਪੁਲਿਸ ਅਤੇ ਹੋਰ ਕੇਂਦਰੀ ਏਜੰਸੀਆਂ ਨਾਲ ਸਾਂਝੇ ਆਪ੍ਰੇਸ਼ਨ ਅੰਤਰਰਾਸ਼ਟਰੀ ਡਰੱਗ ਕਾਰਟੈਲ ਦੇ ਸਥਾਨਕ ਮੇਮ੍ਬਰਾਂ ਦਾ ਪਤਾ ਲਗਾਉਣ ਵਿੱਚ ਸਹਾਇਕ ਸਾਬਤ ਹੋ ਰਹੇ ਹਨ।

------------------------------------------------------------

ਪੰਜਾਬ ਰਾਜ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ, ਜਤਿੰਦਰ ਮਸੀਹ ਗੌਰਵ ਨੇ ਅੱਜ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਘੱਟ ਗਿਣਤੀ ਭਾਈਚਾਰੇ ਦੀਆਂ ਸਮੱਸਿਆਵਾਂ ਦੇ ਸਬੰਧ ਵਿੱਚ ਮੀਟਿੰਗ ਕੀਤੀ। ਮੀਟਿੰਗ ਦੌਰਾਨ ਉਨ੍ਹਾਂ ਈਸਾਈ ਭਾਈਚਾਰੇ ਦੇ ਲੋਕਾਂ ਨੂੰ ਮ੍ਰਿਤਕ ਸਰੀਰ ਨੂੰ ਦਫਨਾਉਣ ਲਈ ਆ ਰਹੀਆਂ ਸਮੱਸਿਆਵਾਂ ਦਾ ਹੱਲ ਕੱਢਣ ਲਈ ਜ਼ਿਲ੍ਹਾ ਪ੍ਰਸ਼ਾਸਨ ਨੂੰ ਹਦਾਇਤਾਂ ਜਾਰੀ ਕੀਤੀਆਂ । ਉਨ੍ਹਾਂ ਸਬੰਧਿਤ ਨਗਰ ਕੌਸਲਾਂ ਦੇ ਕਾਰਜ ਸਾਧਕ ਅਫਸਰਾਂ ਅਤੇ ਜ਼ਿਲ੍ਹਾ ਬਲਾਕ ਵਿਕਾਸ ਤੇ ਪੰਚਾਇਤ ਅਫਸਰ ਨੂੰ ਕਿਹਾ ਕਿ ਘੱਟ ਗਿਣਤੀ ਦੇ ਲੋਕਾਂ ਨੂੰ ਮ੍ਰਿਤਕ ਸਰੀਰ ਦਫਨਾਉਣ ਤੋਂ ਇਲਾਵਾ ਸਾਂਝੇ ਪ੍ਰੋਗਰਾਮ ਲਈ ਕਮਿਊਨਟੀ ਸੈਂਟਰ ਅਤੇ ਧਰਮਸ਼ਾਲਾ ਲਈ ਜਗ੍ਹਾ ਅਲਾਟ ਕਰਨ ਲਈ ਵੀ ਉਪਰਾਲੇ ਕੀਤੇ

ਜਾਣ। ਇਸ ਤੋਂ ਇਲਾਵਾ ਉਨ੍ਹਾਂ ਕਿਹਾ ਕਿ ਕਮਿਸ਼ਨ ਕਦੇ ਵੀ ਬਰਦਾਸ਼ਤ ਨਹੀਂ ਕਰੇਗਾ ਕਿ ਕੋਈ ਧਰਮ ਦੇ ਨਾਂ ' ਤੇ ਆਪਸੀ ਭਾਈਚਾਰੇ ਨੂੰ ਭੰਗ ਕਰੇ।

-------------------------------------------------------

1965 ਦੀ ਇਤਿਹਾਸਕ ਭਾਰਤ-ਪਾਕਿਸਤਾਨ ਜੰਗ'ਚ ਭਾਰਤ ਦੀ ਜਿੱਤ ਦੀ ਡਾਇਮੰਡ ਜੁਬਲੀ ਦੇ ਸੰਬੰਧ 'ਚ ਭਾਰਤੀ ਫੌਜ ਦੇ ਟਾਈਗਰ ਡਿਵੀਜ਼ਨ ਨੇ ਜੰਮੂ ਵਿੱਚ ਭਾਰਤ ਦੇ ਬਹਾਦਰ ਫੌਜੀਆਂ, ਜਿਨ੍ਹਾਂ ਨੇ ਬੇਮਿਸਾਲ ਦ੍ਰਿੜਤਾ ਨਾਲ ਰਾਸ਼ਟਰ ਦੀ ਰੱਖਿਆ ਕੀਤੀ, ਦੀ ਅਸਾਧਾਰਨ ਹਿੰਮਤ, ਬਹਾਦਰੀ ਅਤੇ ਕੁਰਬਾਨੀ ਦੇ ਸਨਮਾਨ'ਚ ਯਾਦਗਾਰੀ ਸਮਾਗਮ ਕਰਾਏ. ਸਮਾਰੋਹ ਦੀ ਸ਼ੁਰੂਆਤ, ਬਲੀਦਾਨ ਸਤੰਭ ਵਿਖੇ 50 ਫੁੱਟ ਉੱਚੇ ਰਾਸ਼ਟਰੀ ਝੰਡੇ ਨੂੰ ਲਹਿਰਾਉਣ ਨਾਲ ਹੋਈ, ਜੋ ਰਾਸ਼ਟਰ ਦੀ ਏਕਤਾ, ਮਾਣ ਅਤੇ ਇਸਦੇ ਨਾਇਕਾਂ ਪ੍ਰਤੀ ਸਦੀਵੀ ਸ਼ੁਕਰਗੁਜ਼ਾਰੀ ਦਾ ਪ੍ਰਤੀਕ ਏ. ਇਸ ਤੋਂ ਬਾਅਦ ਲੈਫਟੀਨੈਂਟ ਜਨਰਲ Manoj Kumar Katiyar, General Officer Commanding-in-Chief, ਪੱਛਮੀ ਕਮਾਨ ਨੇ ਭਾਰਤੀ ਹਥਿਆਰਬੰਦ ਫੌਜਾਂ, ਨੀਮ ਫੌਜੀ ਬਲਾਂ ਅਤੇ ਪੁਲਿਸ ਦੇ ਸ਼ਹੀਦ ਮੁਲਾਜ਼ਮਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ.

---------------------------------------------------

- ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਏ ਕਿ ਰਾਸ਼ਟਰੀ ਸੁਰੱਖਿਆ ਗਾਰਦ NSG, ਦੇਸ਼ ਵਿੱਚ ਜੱਥੇਬੰਧਤ ਅਪਰਾਧ ਅਤੇ ਦਹਿਸ਼ਤਗਰਦੀ ਦਾ ਮੁਕਾਬਲਾ ਕਰਨ ਵਿੱਚ ਸਭ ਤੋਂ ਅੱਗੇ ਰਿਹਾ ਏ। ਓਹਨਾਂ ਅੱਜ NSG ਦੇ 41ਵੇਂ ਸਥਾਪਨਾ ਦਿਵਸ ਸਮਾਰੋਹ ਨੂੰ ਸੰਬੋਧਨ ਕੀਤਾ.

- ਕੇਂਦਰੀ ਖੇਤੀਬਾੜੀ ਅਤੇ ਦਿਹਾਤੀ ਵਿਕਾਸ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਕਿਹਾ ਏ ਕਿ ਪੰਜਾਬ 'ਚ ਹੜ੍ਹਾਂ ਦੌਰਾਨ ਨੁਕਸਾਨੇ ਗਏ 36 ਹਜ਼ਾਰ 703 ਘਰਾਂ ਦੀ ਮੁੜ੍ਹ ਉਸਾਰੀ ਲਈ ਕੇਂਦਰ ਵਲੋਂ ਹਰੇਕ ਪਰਿਵਾਰ ਨੂੰ 1 ਲਖ 60 ਹਜ਼ਾਰ ਰੁਪਏ ਦਿੱਤੇ ਜਾਣਗੇ। ਪ੍ਰਭਾਵਿਤ ਕਿਸਾਨਾਂ ਨੂੰ ਮੁਫ਼ਤ ਅਨਾਜ ਬੀਜ ਦੇਣ ਲਈ 74 ਕਰੋੜ ਰੁਪਏ ਦੀ ਰਕਮ ਨੂੰ ਵੀ ਮਨਜ਼ੂਰੀ ਦਿੱਤੀ ਗਈ ਏ।

- ਖੁਰਾਕ ਤੇ ਸਿਵਲ ਸਪਲਾਈ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਕਿਹਾ ਏ ਕਿ ਕੇਂਦਰੀ ਟੀਮਾਂ ਜਲਦ ਹੀ ਪੰਜਾਬ ਦੀਆਂ ਮੰਡੀਆਂ ਦਾ ਦੌਰਾ ਕਰਕੇ ਭਾਰੀ ਮੀਂਹ ਦੇ ਝੋਨੇ 'ਤੇ ਪਏ ਪ੍ਰਭਾਵ ਦਾ ਮੁਲੰਕਣ ਕਰਨਗੀਆਂ

- ਸਰਹੱਦੀ ਸੁਰਖਿਆ ਬਲ BSF ਨੇ ਕਿਹਾ ਏ ਕਿ ਪਾਕਿਸਤਾਨੀ ਤਸ੍ਕਰ ਜਾਂਚ ਤੋਂ ਬਚਣ ਲਈ ਅਜਿਹੇ ਨਵੇਂ ਲੋਕਾਂ ਦੀ ਵਰਤੋਂ ਕਰ ਰਹੇ ਨੇ, ਜਿਹਨਾਂ ਦਾ ਤਸਕਰੀ ਸੰਬੰਧੀ ਪਹਿਲਾਂ ਦਾ ਕੋਈ ਰਿਕਾਰਡ ਨਹੀਂ ਏ.

- ਪੰਜਾਬ ਰਾਜ ਘੱਟ ਗਿਣਤੀ ਕਮਿਸ਼ਨ ਨੇ ਅੱਜ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਘੱਟ ਗਿਣਤੀ ਭਾਈਚਾਰਿਆਂ ਦੀਆਂ ਸਮੱਸਿਆਵਾਂ ਦੇ ਸਬੰਧ ਵਿੱਚ ਮੀਟਿੰਗ ਕੀਤੀ।

---------------------------------------------------

**ਇਸਦੇ ਨਾਲ ਹੀ ਪ੍ਰਾਦੇਸ਼ਿਕ ਖਬਰਾਂ ਦਾ ਇਹ ਬੁਲੇਟਿਨ ਖਤਮ ਹੋਇਆ, ਰਾਸ਼ਟਰੀ ਖਬਰਾਂ ਦਾ ਅਗਲਾ ਬੁਲੇਟਿਨ ਤੁਸੀਂ ਸੁਣੋਗੇ 7 ਵੱਜਕੇ 30 ਮਿੰਟ 'ਤੇ ਨਮਸਕਾਰ !**